# ਨਿਡਰਤਾ

ਦੂਜੇ ਪਾਤਸ਼ਾਹ ਗੁਰੂ ਅੰਗਦ ਸਾਹਿਬ ਜੀ ਦੇ ਜੀਵਨ ਵਿੱਚੋਂ ਜਿੱਥੇ ਹੁਕਮ ਮੰਨਣ ਦਾ ਗੁਣ ਭਰਪੂਰ ਝਲਕਾਂ ਮਾਰਦਾ ਨਜ਼ਰ ਆਉਂਦਾ ਹੈ, ਉੱਥੇ ਇੱਕ ਹੋਰ ਸਿੱਖੀ ਜੀਵਨ ਜਾਚ ਦੀ ਚੜ੍ਹਦੀ ਕਲਾ ਦਾ ਗੁਣ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥" ਦਾ ਪ੍ਰਗਟਾਵਾ ਵੀ ਬਹੁਤ ਦ੍ਰਿੜਤਾ ਤੇ ਸੁੰਦਰ ਤਰੀਕੇ ਨਾਲ ਹੇਠ ਲਿਖੀ ਘਟਨਾ ਤੋਂ ਪਤਾ ਲਗਦਾ ਹੈ ।

26 ਦਸੰਬਰ ਸੰਨ 1530 ਈਸਵੀ ਵਿੱਚ ਬਾਬਰ ਦੀ ਆਗਰਾ ਵਿਖੇ ਮੌਤ ਹੋ ਗਈ ਤੇ ਉਸਦਾ ਪੁੱਤਰ ਹੁਮਾਯੂੰ ਗੱਦੀ ਤੇ ਬੈਠਾ । ਉਸਨੇ ਰਾਜ ਦਾ ਬਹੁਤ ਵੱਡਾ ਹਿੱਸਾ ਆਪਣੇ ਭਰਾਵਾਂ ਨੂੰ ਦੇ ਦਿੱਤਾ । ਪਰ ਨਾਲ ਹੀ ਨਾਲ ਇਸਨੇ ਸ਼ੇਰ ਸ਼ਾਹ ਸੂਰੀ ਨੂੰ ਸੰਨ 1532 ਈਸਵੀ ਵਿੱਚ ਹਰਾ ਕੇ ਬਿਹਾਰ ਅਤੇ ਬੰਗਾਲ ਉੱਤੇ ਕਬਜ਼ਾ ਕਰ ਲਿਆ ਅਤੇ ਸ਼ੇਰ ਸ਼ਾਹ ਸੂਰੀ ਨੂੰ ਜੌਨਪੁਰ ਦਾ ਕਿਲ੍ਹੇਦਾਰ ਬਣਾ ਦਿੱਤਾ । ਲੇਕਿਨ ਸ਼ੇਰ ਸ਼ਾਹ ਸੂਰੀ ਨੇ ਮੌਕਾ ਵੇਖ ਕੇ ਆਪਣੀ ਤਾਕਤ ਨੂੰ ਫੇਰ ਇਕੱਠਾ ਕੀਤਾ ਅਤੇ 26 ਜੂਨ ਸੰਨ 1536 ਈਸਵੀ ਵਿੱਚ ਚੋਮਾ ਦੇ ਮੈਦਾਨ ਵਿੱਚ ਹੁਮਾਯੂੰ ਨੂੰ ਹਰਾ ਦਿੱਤਾ । ਹੁਮਾਯੂੰ ਨੇ ਬੜੀ ਮੁਸ਼ਕਿਲ ਨਾਲ ਨੱਸ ਕੇ ਆਪਣੀ ਜਾਨ ਬਚਾਈ । ਇਸ ਤੋਂ ਕੁਝ ਸਮੇਂ ਬਾਅਦ ਹੁਮਾਯੂੰ ਨੇ ਆਗਰੇ ਵਿੱਚ ਆ ਕੇ ਫਿਰ ਆਪਣੀਆਂ ਫ਼ੌਜਾਂ ਇਕੱਠੀਆਂ ਕੀਤੀਆਂ ਤੇ 17 ਮਈ ਸੰਨ 1540 ਈਸਵੀ ਨੂੰ ਸ਼ੇਰ ਸ਼ਾਹ ਸੂਰੀ ਨਾਲ ਜੰਗ ਲੜੀ । ਲੇਕਿਨ ਹੁਮਾਯੂੰ ਨੂੰ ਸ਼ੇਰ ਸ਼ਾਹ ਸੂਰੀ ਕੋਲੋਂ ਦੁਬਾਰਾ ਬਹੁਤ ਵੱਡੀ ਹਾਰ ਖਾਣੀ ਪਈ । ਹੁਮਾਯੂੰ ਬੜੀ ਮੁਸ਼ਕਿਲ ਨਾਲ ਆਪਣੇ ਪਰਿਵਾਰ ਨੂੰ ਲੈ ਕੇ ਪੰਜਾਬ ਵੱਲ ਭੱਜ ਗਿਆ ਤੇ ਆਪਣੀ ਜਾਨ ਬਚਾਈ । ਲਾਹੌਰ ਜਾਂਦਿਆਂ ਹੋਇਆਂ ਰਸਤੇ ਵਿੱਚ ਖਡੂਰ ਸਾਹਿਬ ਇਸ ਖ਼ਿਆਲ ਨਾਲ ਰੁੱਕ ਗਿਆ ਕਿ ਗੁਰੂ ਨਾਨਕ ਦੇ ਦਰ ਤੋਂ ਅਸ਼ੀਰਵਾਦ ਲੈ ਕੇ ਅੱਗੇ ਜਾਵਾਂ ।

ਉਸ ਵੇਲੇ ਸ਼ਾਹੀ ਸੜਕ ਕਿਉਂਕਿ ਖਡੂਰ ਸਾਹਿਬ ਦੇ ਨੇੜਿਉਂ ਲੰਘਦੀ ਸੀ । ਹਮਾਯੂੰ ਬਾਦਸ਼ਾਹ ਗੁਰੂ ਅੰਗਦ ਸਾਹਿਬ ਜੀ ਨੂੰ ਮਿਲਣ ਲਈ ਆਇਆ । ਉਸ ਵੇਲੇ ਗੁਰੂ ਸਾਹਿਬ ਜੀ ਆਪਣੇ ਸਿੱਖਾਂ ਦੀਆਂ ਕੁਸ਼ਤੀਆਂ (ਮੱਲ-ਅਖਾੜੇ) ਕਰਵਾ ਰਹੇ ਸਨ, ਮੱਲ-ਅਖਾੜੇ ਦੇ ਦਾਅ-ਪੇਚ ਸਿਖਾਉਂਦਿਆਂ ਹੋਇਆਂ ਸਤਿਗੁਰ ਪਾਤਸ਼ਾਹ ਇਤਨੇ ਰੁੱਝੇ ਹੋਏ ਸਨ ਕਿ ਉਹਨਾਂ ਦਾ ਜ਼ਰਾ ਜਿੰਨਾਂ ਵੀ ਧਿਆਨ ਹੁਮਾਯੂੰ ਵੱਲ ਨਾ ਗਿਆ । ਹੁਮਾਯੂੰ ਕਾਫ਼ੀ ਦੇਰ ਤਕ ਇਸੇ ਤਰ੍ਹਾਂ

ਖੜਾ ਰਿਹਾ ਤੇ ਆਪਣੀ ਬੇਇਜ਼ਤੀ ਮਹਿਸੂਸ ਕਰਨ ਲੱਗਾ ਤੇ ਅੰਤ ਗੁੱਸੇ ਵਿੱਚ ਆ ਕੇ ਉਸਨੇ ਆਪਣੀ ਤਲਵਾਰ ਮਿਆਨ ਤੋਂ ਬਾਹਰ ਕੱਢ ਲਈ । ਜਦੋਂ ਹੁਮਾਯੂੰ ਨੇ ਗੁਰੂ ਸਾਹਿਬ ਨਾਲ ਅੱਖ ਮਿਲਾਈ ਤਾਂ ਗੁਰੂ ਸਾਹਿਬ ਜੀ ਦਾ ਪਿਆਰ ਤੇ ਰੋਅਬ ਨਾਲ ਭਰਿਆ ਚਿਹਰਾ ਦੇਖ ਕੇ ਸ਼ਾਂਤ ਹੋ ਗਿਆ ।

ਗੁਰੂ ਅੰਗਦ ਸਾਹਿਬ ਜੀ ਬੜੀ ਦਲੇਰੀ ਤੇ ਖ਼ੁਸ਼ ਤਬੀਅਤ ਦੇ ਮਾਲਕ ਸਨ, ਹਰ ਵੇਲੇ ਪ੍ਰਭੂ ਦੇ ਰੰਗ ਵਿੱਚ ਰੱਤੇ ਰਹਿੰਦੇ ਸਨ । ਪਰਮਾਤਮਾ ਨਾਲ ਲਿਵ ਅਤੇ ਪਿਆਰ ਹੋਣ ਸਦਕਾ ਨਿਡਰਤਾ ਉਹਨਾਂ ਦੇ ਜੀਵਨ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦੀ ਸੀ । ਹੁਮਾਯੂੰ ਦੇ ਤਲਵਾਰ ਕੱਢਣ ਤੇ ਆਪ ਜੀ ਉਸ ਨੂੰ ਕਹਿਣ ਲੱਗੇ :

ਗੁਰੂ ਸਾਹਿਬ ਜੀ :ਹਮਾਯੂੰ ! ਜਦੋਂ ਜੰਗੇ-ਮੈਦਾਨ ਵਿੱਚ ਤਲਵਾਰ ਚਲਾਉਣ ਦੀ ਲੋੜ ਸੀ, ਉਦੋਂ ਤੇਰੀ ਤਲਵਾਰ ਕਿੱਥੇ ਸੀ ?

ਹੁਣ ਪੀਰਾਂ ਤੇ ਦਰਵੇਸ਼ਾਂ ਦੇ ਸਾਹਮਣੇ ਆਪਣੀ ਇਸ ਤਲਵਾਰ ਨੂੰ ਚਲਾਉਣ ਦਾ ਜਤਨ ਕਰ ਰਿਹਾ ਹੈਂ ?

ਗੁਰੂ ਸਾਹਿਬ ਜੀ ਦੇ ਬਚਨ ਸੁਣ ਕੇ ਹਮਾਯੂੰ ਬਹੁਤ ਸ਼ਰਮਿੰਦਾ ਹੋਇਆ ਤੇ ਆਪਣੇ ਕੀਤੇ ਦੀ ਮੁਆਫ਼ੀ ਮੰਗਣ ਲੱਗਾ ।

ਗੁਰੂ ਪਾਤਸ਼ਾਹ ਜੀ ਨੇ ਉਸ ਨੂੰ ਨੇਕ ਜੀਵਨ ਧਾਰਣ ਕਰਨ ਤੇ ਹਮੇਸ਼ਾਂ ਅਕਾਲ ਪੁਰਖ ਦਾ ਆਸਰਾ ਲੈਣ ਦੀ ਪ੍ਰੇਰਣਾ ਕੀਤੀ ।

ਇਸ ਘਟਨਾ ਤੋਂ ਇਹ ਗੱਲ ਪ੍ਰਤੱਖ ਤੌਰ ਤੇ ਸਾਹਮਣੇ ਆਉਂਦੀ ਹੈ ਕਿ ਜੇ ਇਨਸਾਨ ਪਰਮਾਤਮਾ ਨੂੰ ਆਪਣੇ ਮਨ ਅਤੇ ਜੀਵਨ ਵਿੱਚ ਵਸਾ ਲੈਂਦਾ ਹੈ ਤਾਂ ਉਹ ਮਨੁੱਖ ਵੀ ਪਰਮਾਤਮਾ ਵਾਂਗ ਨਿੱਡਰ ਤੇ ਦਲੇਰ ਸੁਭਾਅ ਦਾ ਹੋ ਜਾਂਦਾ ਹੈ ।